# ਜਦੋਂ ਤੁਸੀਂ UNM ਕੇਅਰ ਜਾਂ ਆਊਟ-ਆਫ-ਕਾਉਂਟੀ ਕੇਅਰ (UNM Care or Out-of-County Care) ਲਈ ਅਪਲਾਈ ਕਰਦੇ ਹੋ, ਤਾਂ ਅਸੀਂ ਕੁਝ ਸੁਆਲ ਪੁੱਛਾਂਗੇ

UNM Care ਜਾਂ Out-of-County Care ਲਈ ਅਪਲਾਈ ਕਰਨ ਵਾਲੇ ਹਰ ਵਿਅਕਤੀ ਦੀ ਅਰਜ਼ੀ ਭਰਨ ਵਿੱਚ ਉਹਨਾਂ ਦੀ ਮਦਦ ਲਈ ਫ਼ਾਇਨਾਂਸ਼ਿਅਲ ਸੇਵਾਵਾਂ ਬਾਰੇ ਨੁਮਾਇੰਦਾ ਨਿਯੁਕਤ ਕੀਤਾ ਜਾਏਗਾ। ਆਪਣੇ ਨੁਮਾਇੰਦੇ ਨਾਲ ਮੁਲਾਕਾਤ ਦਾ ਸਮਾਂ ਤੈਅ ਕਰਨ ਲਈ, ਕਿਰਪਾ ਕਰਕੇ ਸਾਨੂੰ ਕਾੱਲ ਕਰੋ। ਕਾੱਲ ਕਰਨ ਲੱਗਿਆਂ, ਸਾਨੂੰ ਦੱਸੋ ਕਿ ਤੁਸੀਂ ਉਹਨਾਂ ਨੂੰ ਨਿਜੀ ਤੌਰ 'ਤੇ ਮਿਲਣਾ ਚਾਹੁੰਦੇ ਹੋ ਜਾਂ ਫੋਨ 'ਤੇ ਗੱਲ ਕਰਨਾ ਚਾਹੁੰਦੇ ਹੋ।

ਆਪਣੀ ਮੁਲਾਕਾਤ ਤੈਅ ਕਰਨ ਲਈ, ਕਿਰਪਾ ਕਰਕੇ **505 272-2521 ਜਾਂ 877 909-6661** (ਟੋਲ ਫ੍ਰੀ) 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 8:00 ਵਜੇ ਅਤੇ ਸ਼ਾਮੀਂ 5:00 ਵਜੇ ਵਿਚਕਾਰ ਕਾੱਲ ਕਰੋ। ਸਾਡੇ ਕੋਲ ਸਪੈਨਿਸ਼, ਵੀਅਤਨਾਮੀ ਅਤੇ ਨਾਵਾਹੋ ਬੋਲਣ ਵਾਲੇ ਨੁਮਾਇੰਦੇ ਵੀ ਹਨ। ਤੁਹਾਡੀ ਮਦਦ ਕਰਨ ਲਈ, ਜੇ ਉਹਨਾਂ ਵਿੱਚੋਂ ਕੋਈ ਉਪਲਬਧ ਨਹੀਂ ਹੈ, ਤਾਂ ਅਸੀ ਤੁਹਾਨੂੰ ਫੋਨ ਜਾਂ ਵੀਡੀਓ ਦੁਭਾਸ਼ੀਏ ਨਾਲ ਕਨੈਕਟ ਕਰਾਂਗੇ।

ਅਸੀਂ 200 ਤੋਂ ਵੱਧ ਭਾਸ਼ਾਵਾਂ ਵਿੱਚ ਦੁਭਾਸ਼ੀਆ ਸੇਵਾਵਾਂ ਦੀ ਪੇਸ਼ਕਸ਼ ਕਰਦੇ ਹਾਂ, ਇਹਨਾਂ ਵਿੱਚ ਅਮਰੀਕੀ ਸੰਕੇਤ ਭਾਸ਼ਾ ਸ਼ਾਮਿਲ ਹੈ। ਦੁਭਾਸ਼ੀਆ ਸੇਵਾਵਾਂ ਮੁਫ਼ਤ ਹਨ। ਕਾਨੂੰਨ ਅਨੁਸਾਰ, ਦੁਭਾਸ਼ੀਆ ਚਾਹੁਣ ਵਾਲੇ ਕਿਸੇ ਵੀ ਸ਼ਖ਼ਸ ਲਈ ਸਾਨੂੰ ਦੁਭਾਸ਼ੀਆ ਮੁਹੱਈਆ ਕਰਨਾ ਪੈਣਾ ਹੈ।

**ਇਹ ਬ੍ਰੋਸ਼ਰ ਤੁਹਾਡੀਆਂ ਫ਼ਾਇਨਾਂਸ਼ਿਅਲ ਸੇਵਾਵਾਂ ਬਾਰੇ ਨੁਮਾਇੰਦੇ ਨਾਲ ਤੁਹਾਡੀ ਮੁਲਾਕਾਤ ਦੀ ਤਿਆਰੀ ਕਰਨ ਵਿੱਚ ਤੁਹਾਡੀ ਮਦਦ ਕਰੇਗਾ। ਇਸ ਵਿੱਚ ਜਾਣਕਾਰੀ ਅਤੇ ਦਸਤਾਵੇਜ਼ਾਂ ਦੀਆਂ ਉਹ ਕਿਸਮਾਂ ਦਿੱਤੀਆਂ ਗਈਆਂ ਹਨ, ਜਿਹਨਾਂ ਦੀ ਸਾਨੂੰ UNM Care ਜਾਂ Out-of-County Care ਲਈ ਤੁਹਾਡੀ ਅਰਜ਼ੀ ਭਰਣ ਵੇਲੇ ਲੋੜ ਪਏਗੀ।**

## ਅਸੀਂ ਤੁਹਾਡੇ ਬਾਰੇ ਪੁੱਛਾਂਗੇ

ਅਸੀਂ ਤੁਹਾਨੂੰ, ਤੁਹਾਡੇ ਬਾਰੇ ਸੁਆਲ ਪੁੱਛਾਂਗੇ। ਉਦਾਹਰਣ ਲਈ –

- ਤੁਹਾਡਾ ਨਾਂ ਕੀ ਹੈ?
- ਤੁਹਾਡਾ ਪਤਾ ਕੀ ਹੈ? ਫੋਨ ਨੰਬਰ? ਈਮੇਲ ਪਤਾ?
- ਤੁਹਾਡੀ ਜਨਮ-ਤਾਰੀਖ਼ ਕੀ ਹੈ?
- ਕੀ ਤੁਹਾਡਾ ਸਿਹਤ ਬੀਮਾ ਹੋਇਆ ਹੈ? ਜੇ ਹੈ, ਤਾਂ ਕਿਹੜਾ ਬੀਮਾ ਹੈ?

## ਅਸੀਂ ਘਰ ਵਿੱਚ ਕਿੰਨੇ ਮੈਂਬਰ (ਅਕਾਰ) ਹਨ, ਬਾਰੇ ਪੁੱਛਾਂਗੇ

18 ਸਾਲ ਅਤੇ ਵੱਧ ਉਮਰ ਦੇ ਮਰੀਜ਼ਾਂ ਲਈ, "ਪਰਿਵਾਰ" ਵਿੱਚ ਮਰੀਜ਼, ਉਸਦਾ ਜੀਵਨ-ਸਾਥੀ ਸ਼ਾਮਿਲ ਹੁੰਦਾ ਹੈ, ਜੇ ਉਹਨਾਂ ਦਾ ਹੈ ਅਤੇ ਅਜਿਹਾ ਹਰ ਇੱਕ ਵਿਅਕਤੀ, ਜਿਸ ਬਾਰੇ ਉਹ ਟੈਕਸ ਆਸਰਿਤ ਵਜੋਂ ਦਾਅਵਾ ਕਰਨ ਦੀ ਉਮੀਦ ਕਰਦਾ/ਕਰਦੀ ਹੈ। ਇਹਨਾਂ ਦੋ ਪ੍ਰੋਗਰਾਮਾਂ ਲਈ, ਟੈਕਸ ਆਸਰਿਤ ਨੂੰ ਤੁਹਾਡੇ ਪਰਿਵਾਰ ਦਾ ਹਿੱਸਾ ਮੰਨੇ ਜਾਣ ਵਜੋਂ ਤੁਹਾਡੇ ਨਾਲ ਹੀ ਰਹਿੰਦੇ ਹੋਣਾ ਚਾਹੀਦਾ ਹੈ,

18 ਸਾਲ ਤੋਂ ਘੱਟ ਉਮਰ ਦੇ ਮਰੀਜ਼ਾਂ ਲਈ, "ਪਰਿਵਾਰ" ਵਿੱਚ ਮਰੀਜ਼, ਉਸ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਅਤੇ ਹਰ ਇੱਕ ਵਿਅਕਤੀ, ਜਿਸ ਨੂੰ ਉਸ ਦੇ ਮਾਤਾ-ਪਿਤਾ ਜਾਂ ਸਰਪ੍ਰਸਤ ਟੈਕਸ ਆਸਰਿਤ ਵਜੋਂ ਦਾਅਵਾ ਕਰਨ ਦੀ ਉਮੀਦ ਕਰਦੇ ਹਨ।

**ਆਸਰਿਤਾਂ ਬਾਰੇ, ਜੇ ਤੁਹਾਡੇ ਕੋਈ ਸੁਆਲ ਹਨ, ਤਾਂ ਕਿਰਪਾ ਕਰਕੇ ਆਪਣੇ ਇੰਟਰਵਿਊ ਦੌਰਾਨ ਫ਼ਾਇਨਾਂਸ਼ਿਅਲ ਸੇਵਾਵਾਂ ਬਾਰੇ ਨੁਮਾਇੰਦੇ ਨੂੰ ਪੁੱਛੋ।**

ਅਸੀਂ ਤੁਹਾਡੇ ਪਰਿਵਾਰ ਦੇ ਮੈਂਬਰਾਂ ਬਾਰੇ ਇਸ ਤਰ੍ਹਾਂ ਦੇ ਸੁਆਲ ਪੁੱਛ ਸਕਦੇ ਹਾਂ—

- ਤੁਹਾਡੇ ਘਰ ਵਿੱਚ ਪਰਿਵਾਰ ਦੇ ਕਿਹੜੇ ਮੈਂਬਰ ਰਹਿੰਦੇ ਹਨ?
- ਹਰ ਇੱਕ ਸ਼ਖ਼ਸ ਦੀ ਉਮਰ ਕਿੰਨੀ ਹੈ?
- ਹਰ ਇੱਕ ਸ਼ਖ਼ਸ ਦਾ ਮਰੀਜ਼ ਨਾਲ ਕੀ ਰਿਸ਼ਤਾ ਹੈ?
- ਹਰ ਇੱਕ ਸ਼ਖ਼ਸ ਦਾ ਕਿਹੜਾ ਬੀਮਾ (ਜੇ ਕੋਈ ਹੈ) ਹੈ?

## ਅਸੀਂ ਤੁਹਾਡੇ ਤੋਂ ਤੁਹਾਡੇ ਪਰਿਵਾਰ ਦੀ ਆਮਦਨ ਬਾਰੇ ਪੁੱਛਾਂਗੇ

ਅਸੀਂ ਤੁਹਾਨੂੰ ਪੁੱਛਾਂਗੇ ਕਿ ਤੁਸੀਂ ਕਿੰਨੇ ਪੈਸੇ ਕਮਾਉਂਦੇ ਹੋ ਅਤੇ ਤੁਹਾਡੇ ਪਰਿਵਾਰ ਦਾ ਹਰ ਇੱਕ ਵਿਅਕਤੀ ਹਰ ਮਹੀਨੇ ਕਿੰਨਾ ਪੈਸਾ ਕਮਾਉਂਦਾ/ਕਮਾਉਂਦੀ ਹੈ। ਉਸ ਨਾਲ ਸਾਨੂੰ ਤੁਹਾਡੇ ਪਰਿਵਾਰ ਦੀ ਕੁੱਲ ਆਮਦਨ ਬਾਰੇ ਪਤਾ ਚੱਲਦਾ ਹੈ। **ਕੁੱਲ** ਆਮਦਨ ਉਹ ਰਕਮ ਹੈ, ਜੋ ਤੁਸੀਂ ਕਿਸੇ ਵੀ ਟੈਕਸਾਂ ਜਾਂ ਹੋਰਨਾਂ ਕਟੌਤੀਆਂ ਤੋਂ **ਪਹਿਲਾਂ** ਕਮਾਉਂਦੇ ਹੋ। ਤੁਹਾਡੀ ਕੁੱਲ ਆਮਦਨ ਦਾ ਪਤਾ ਲਾਉਣ ਨਾਲ ਸਾਨੂੰ ਇਹ ਫ਼ੈਸਲਾ ਕਰਨ ਵਿੱਚ ਮਦਦ ਮਿਲਦੀ ਹੈ ਕਿ ਤੁਸੀਂ UNM Care ਜਾਂ Out-of-County Care ਲਈ ਯੋਗ ਹੋ।

ਅਸੀਂ ਤੁਹਾਨੂੰ New Mexico SNAP, TANF ਅਤੇ/ਜਾਂ WIC ਲਾਭ ਮਿਲਣ ਬਾਰੇ ਵੀ ਪੁੱਛਾਂਗੇ। ਜੇ ਤੁਹਾਡੇ ਕੋਲ ਇਹਨਾਂ ਵਿੱਚੋਂ ਕੋਈ ਹੈ, ਤਾਂ ਤੁਸੀਂ ਪਹਿਲਾਂ ਤੋਂ ਹੀ UNM UNM Care ਜਾਂ Out-of-County Care ਲਈ ਆਮਦਨ ਦੀ ਸ਼ਰਤ ਪੂਰੀ ਕਰਦੇ ਹੋ।

ਅਸੀਂ ਤੁਹਾਨੂੰ ਇਹ ਵੀ ਪੁੱਛਾਂਗੇ ਕਿ ਤੁਸੀਂ ਪੈਸੇ ਕਿਵੇਂ ਕਮਾਉਂਦੇ ਹੋ ਅਤੇ ਤੁਸੀਂ ਕਿੰਨੇ ਪੈਸੇ ਕਮਾਉਂਦੇ ਹੋ। ਕੀ ਤੁਹਾਡਾ ਬੀਮਾ ਹੋਇਆ ਹੈ ਅਤੇ ਕੀ ਇਸ ਬੀਮੇ ਦੀ ਪੇਸ਼ਕਸ਼ ਤੁਹਾਡੀ ਨੌਕਰੀ ਕਰਕੇ ਕੀਤੀ ਗਈ ਹੈ, ਬਾਰੇ ਵੀ ਅਸੀ ਪੁੱਛਾਂਗੇ।

ਅਸੀਂ ਤੁਹਾਡੇ ਘਰ ਵਿਚਲੇ ਹਰ ਇੱਕ ਵਿਅਕਤੀ ਬਾਰੇ ਵੀ ਇਹੀ ਸੁਆਲ ਪੁੱਛਾਂਗੇ। ਅਸੀਂ ਕਿਸੇ ਹੋਰ ਕਿਸਮ ਦੀ ਆਮਦਨ ਬਾਰੇ ਪੁੱਛਾਂਗੇ, ਜੋ ਤੁਸੀਂ ਜਾਂ ਤੁਹਾਡੇ ਪਰਿਵਾਰ ਦੇ ਹੋਰ ਮੈਂਬਰ ਕਮਾ ਸਕਦੇ ਹਨ। ਉਦਾਹਰਣ ਦੇ ਤੌਰ 'ਤੇ, ਸੋਸ਼ਲ ਸਿਕਿਓਰਿਟੀ ਲਾਭ, ਬੇਰੋਜ਼ਗਾਰੀ ਲਾਭ, ਸਾਬਕਾ ਫ਼ੌਜੀ ਦੇ ਲਾਭ, ਅਸਮਰੱਥਾ (ਅਪੰਗਤਾ) ਲਾਭ ਅਤੇ ਭਾਰਤ ਦੇ ਮਾਮਲਿਆਂ ਬਾਰੇ ਬਿਉਰੋ ਦੇ ਲਾਭ।

## ਅਸੀਂ ਪੁਸ਼ਟੀ ਕਰਨ ਵਾਲੇ ਕੁਝ ਦਸਤਾਵੇਜ਼ਾਂ ਬਾਰੇ ਪੁੱਛਾਂਗੇ

ਤੁਹਾਡੀ ਅਰਜ਼ੀ ਇਕੱਠਿਆਂ ਭਰਣ ਤੋਂ ਬਾਅਦ, ਅਸੀਂ **ਪੁਸ਼ਟੀ ਕਰਨ ਵਾਲੇ ਦਸਤਾਵੇਜ਼ਾਂ** ਦਾ ਜਾਇਜ਼ਾ ਲਵਾਂਗੇ, ਜੋ ਅਸੀਂ ਤੁਹਾਨੂੰ ਮੁਹੱਈਆ ਕਰਨੇ ਹਨ। ਅਸੀਂ ਪੁਸ਼ਟੀ ਕਰਨ ਵਾਲੇ ਕੁਝ ਦਸਤਾਵੇਜ਼ਾਂ ਲਈ ਕਹਿੰਦੇ ਹਾਂ, ਕਿਉਂਕਿ ਸਾਨੂੰ ਇਹ ਪੁਸ਼ਟੀ ਕਰਨੀ ਪੈਂਦੀ ਹੈ ਕਿ ਤੁਸੀਂ ਕੌਣ ਹੋ, ਤੁਸੀਂ ਕਿੱਥੇ ਰਹਿੰਦੇ ਹੋ, ਤੁਹਾਡੀ ਕਿੰਨੀ ਆਮਦਨ ਹੈ ਅਤੇ ਤੁਹਾਡੇ ਬੈਂਕ ਅਤੇ ਪੂੰਜੀਕਾਰੀ ਖਾਤਿਆਂ ਵਿੱਚ ਕਿੰਨਾ ਪੈਸਾ ਹੈ। ਇਹ ਸਾਰੀ ਜਾਣਕਾਰੀ ਇਹ ਫ਼ੈਸਲਾ ਕਰਨ ਵਿੱਚ ਸਾਡੀ ਮਦਦ ਕਰਦੀ ਹੈ ਕਿ ਤੁਸੀਂ UNM Care ਜਾਂ Out-of-County Care ਲਈ ਯੋਗ ਹੋ।

ਕਿਰਪਾ ਕਰਕੇ ਯਕੀਨੀ ਬਣਾਓ ਕਿ ਤੁਸੀਂ ਸਾਨੂੰ ਕੋਈ ਵੀ ਮੂਲ ਦਸਤਾਵੇਜ਼ ਨਾ ਦਿਓ। ਸਾਨੂੰ ਸਿਰਫ਼ ਕਾੱਪੀਆਂ ਚਾਹੀਦੀਆਂ ਹਨ।

### ਤੁਸੀਂ ਕੌਣ ਹੋ (ਪਛਾਣ)

ਅਸੀਂ **ਤੁਹਾਡੇ ਪਰਿਵਾਰ ਵਿਚਲੇ ਹਰ ਇੱਕ ਵਿਅਕਤੀ** ਲਈ, ਤੁਹਾਨੂੰ ਇਹਨਾਂ ਵਿੱਚੋਂ 1 ਦਸਤਾਵੇਜ਼ ਲਿਆਉਣ ਲਈ ਕਹਾਂਗੇ। ਇਹਨਾਂ ਦਸਤਾਵੇਜ਼ਾਂ ਨਾਲ ਸਾਨੂੰ ਤੁਹਾਡੀ ਪਛਾਣ ਅਤੇ ਤੁਹਾਡੇ ਨਾਲ ਰਹਿਣ ਵਾਲੇ ਹਰ ਵਿਅਕਤੀ ਦੀ ਪਛਾਣ ਦੀ ਪੁਸ਼ਟੀ ਕਰਨ ਵਿੱਚ ਮਦਦ ਮਿਲਦੀ ਹੈ। ਅਸੀਂ ਹੇਠਾਂ ਦਿੱਤਿਆਂ ਵਿੱਚੋਂ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

- ਪਾਸਪੋਰਟ (ਵਿਦੇਸ਼ੀ ਜਾਂ ਅਮਰੀਕੀ)
- ਜਨਮ-ਸਰਟੀਫ਼ਿਕੇਟ (ਵਿਦੇਸ਼ੀ ਜਾਂ ਅਮਰੀਕੀ)
- ਫੋਟੋ ਪਛਾਣ-ਪੱਤਰ (ਡ੍ਰਾਈਵਰ ਦਾ ਲਾਇਸੈਂਸ਼, ਸਰਕਾਰ ਵਲੋਂ ਜਾਰੀ ਕੀਤਾ ਗਿਆ ਪਛਾਣ-ਪੱਤਰ, ਕੰਮ ਜਾਂ ਸਕੂਲ ਦਾ ਪਛਾਣ-ਪੱਤਰ)

- ਸੋਸ਼ਲ ਸਿਕਿਓਰਿਟੀ ਕਾਰਡ
- ਭਾਰਤੀ ਨਾਗਰਿਕਤਾ ਦਾ ਸਰਟੀਫ਼ਿਕੇਟ
- ਤਲਾਕ ਦੇ ਦਸਤਾਵੇਜ਼
- ਸਕੂਲ ਦੇ ਰਿਕਾੱਰਡ ਜਾਂ ਦਿਨ ਦੀ ਸੰਭਾਲ ਦੇ ਸੈਂਟਰ ਦੇ ਰਿਕਾੱਰਡ
- ਵੀਜ਼ੇ ਵਰਗੇ ਹੋਰ ਸਰਕਾਰੀ ਰਿਕਾਰਡ (ਮਿਆਦ ਖ਼ਤਮ ਹੋਣ ਵਾਲੇ ਵੀਜ਼ੇ ਪ੍ਰਵਾਣ ਕੀਤੇ ਜਾਂਦੇ ਹਨ)
- ਤੁਹਾਨੂੰ ਅਤੇ ਤੁਹਾਡੀ ਸਥਿਤੀ ਬਾਰੇ ਜਾਣਨ ਵਾਲੇ ਕੇਸਵਰਕਰ, ਭਾਈਚਾਰਕ ਸਿਹਤ ਵਰਕਰ , ਸਿਹਤ-ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਤੋਂ ਸਟੇਟਮੈਂਟ

ਜੇ ਤੁਹਾਡੇ ਕੋਲ ਉਪਰ ਦਿੱਤੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਨਹੀਂ ਹੈ, ਤਾਂ ਸਾਨੂੰ ਦੱਸੋ। ਪਛਾਣ ਦੀ ਸ਼ਰਤ ਦੇ ਸਬੂਤ ਪੂਰੇ ਕਰਨ ਲਈ, ਅਸੀਂ ਕਿਸੇ ਹੋਰ ਦਸਤਾਵੇਜ਼ ਦਾ ਪਤਾ ਲਾਉਣ ਲਈ ਤੁਹਾਡੇ ਨਾਲ ਕੰਮ ਕਰਾਂਗੇ। ਯਾਦ ਰੱਖੋ, UNM Care ਜਾਂ Out-of-County Care ਲਈ ਯੋਗ ਹੋਣ ਵਾਸਤੇ ਤੁਹਾਨੂੰ ਅਮਰੀਕੀ ਨਾਗਰਿਕਤਾ ਜਾਂ ਇਮੀਗ੍ਰੇਸ਼ਨ ਦੀ ਕਿਸੇ ਖ਼ਾਸ ਸਥਿਤੀ ਦੀ ਲੋੜ **ਨਹੀਂ** ਹੈ।

---

## ਤੁਸੀਂ ਕਿੱਥੇ ਰਹਿੰਦੇ ਹੋ (ਪਤਾ)

ਅਸੀਂ ਤੁਹਾਨੂੰ ਇੱਕ ਅਜਿਹਾ ਦਸਤਾਵੇਜ਼ ਲਿਆਉਣ ਲਈ ਕਹਾਂਗੇ, ਜਿਸ 'ਤੇ ਤੁਹਾਡਾ ਨਾਂ ਅਤੇ ਪਤਾ ਹੋਵੇ। **ਸਮੁੱਚੇ ਪਰਿਵਾਰ ਲਈ ਤੁਹਾਨੂੰ ਸਿਰਫ਼ ਇੱਕ ਪਤਾ ਚਾਹੀਦਾ ਹੈ।** ਅਸੀਂ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

- ਤਨਖ਼ਾਹ ਦੀ ਸਲਿਪ
- ਕਾਰ ਦਾ ਬੀਮਾ
- ਯੂਟੀਲਿਟੀ ਬਿੱਲ (ਬਿਜਲੀ, ਗੈਸ, ਪਾਣੀ, ਫੋਨ, ਇੰਟਰਨੈਟ)
- ਲੀਜ਼, ਮੌਰਟਗੇਜ਼ ਜਾਂ ਜਾਇਦਾਦ ਟੈਕਸ ਦਾ ਦਸਤਾਵੇਜ਼
- ਹੋਰ ਬਿੱਲ ਜਾਂ ਸਟੇਟਮੈਂਟ
- ਕਿਸੇ ਵਿਦਿਅਕ ਅਦਾਰੇ ਵਿੱਚ ਆਪਣੇ ਜਾਂ ਬੱਚੇ ਦੀ ਐਨਰੋਲਮੈਂਟ ਦਾ ਸਬੂਤ
- ਆਮਦਨ ਟੈਕਸ ਰਿਟਰਨ

- ਸੋਸ਼ਲ ਸਿਕਿਓਰਿਟੀ, ਅਸਮਰੱਥਾ (ਅਪੰਗਤਾ), ਪੇਨਸ਼ਨ ਜਾਂ ਰਿਟਾਇਰਮੈਂਟ ਦਾ ਦਸਤਾਵੇਜ਼
- ਤੁਹਾਨੂੰ ਅਤੇ ਤੁਹਾਡੀ ਸਥਿਤੀ ਬਾਰੇ ਜਾਣਨ ਵਾਲੇ ਕੇਸਵਰਕਰ, ਭਾਈਚਾਰਕ ਸਿਹਤ ਵਰਕਰ, ਸਿਹਤ-ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਤੋਂ ਸਟੇਟਮੈਂਟ

ਜੇ ਤੁਹਾਡੇ ਕੋਲ ਉਪਰ ਦਿੱਤੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਨਹੀਂ ਹੈ, ਤਾਂ ਅਸੀਂ ਵੱਖ-ਵੱਖ ਦਸਤਾਵੇਜ਼ ਪ੍ਰਵਾਣ ਕਰਨ ਲਈ ਤੁਹਾਡੇ ਨਾਲ ਕੰਮ ਕਰ ਸਕਦੇ ਹਾਂ।

## ਤੁਸੀਂ ਕਿੰਨਾ ਪੈਸਾ ਕਮਾਉਂਦੇ ਹੋ (ਆਮਦਨ)

ਜੇ ਤੁਸੀਂ ਬੇਘਰ ਹੋ, ਦੀਵਾਲੀਆ ਹੋ ਚੁੱਕੇ ਹੋ ਜਾਂ SNAP, TANF ਜਾਂ WIC ਲਾਭ ਪ੍ਰਾਪਤ ਕਰ ਰਹੇ ਹੋ, ਤਾਂ ਅਸੀਂ ਤੁਹਾਨੂੰ ਇਸਦੀ ਪੁਸ਼ਟੀ ਕਰਨ ਵਾਲੇ ਦਸਤਾਵੇਜ਼ ਲਿਆਉਣ ਲਈ ਕਹਿ ਸਕਦੇ ਹਾਂ। ਉਦਾਹਰਣ ਲਈ, ਤੁਹਾਡੀ ਸਥਿਤੀ ਨੂੰ ਜਾਣਨ ਵਾਲੇ ਕੇਸ ਵਰਕਰ ਜਾਂ ਭਾਈਚਾਰਕ ਸੰਸਥਾ ਤੋਂ ਪੱਤਰ; ਅਦਾਲਤੀ ਦਸਤਾਵੇਜ਼; ਜਾਂ ਮਨੁੱਖੀ ਸੇਵਾਵਾਂ ਬਾਰੇ ਵਿਭਾਗ ਤੋਂ ਪੱਤਰ।

ਤੁਸੀਂ ਅਤੇ ਤੁਹਾਡੇ ਪਰਿਵਾਰ ਵਿਚਲਾ ਹਰ ਸ਼ਖ਼ਸ ਮਹੀਨੇ ਵਿੱਚ ਕਿੰਨੀ ਕਮਾਈ ਕਰਦਾ ਹੈ, ਨੂੰ ਦਰਸਾਉਣ ਲਈ ਅਸੀਂ ਤੁਹਾਨੂੰ ਉਹ ਦਸਤਾਵੇਜ਼ ਲਿਆਉਣ ਲਈ ਕਹਾਂਗੇ। ਅਸੀਂ ਹੇਠਾਂ ਦਿੱਤੇ ਦਸਤਾਵੇਜ਼ਾਂ ਵਿੱਚੋ ਕੋਈ ਵੀ ਦਸਤਾਵੇਜ਼ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

- ਤਨਖ਼ਾਹ ਦੀਆਂ ਸਲਿਪਾਂ
- ਆਮਦਨ ਟੈਕਸ ਰਿਟਰਨ
- ਰੋਜ਼ਗਾਰਦਾਤਾ ਤੋਂ ਤੁਹਾਡੀ ਮਹੀਨੇਵਾਰ ਆਮਦਨ ਦੱਸਣ ਵਾਲਾ ਪੱਤਰ
- ਸਿੱਧਿਆਂ ਬੈਂਕ ਵਿੱਚ ਜਮ੍ਹਾ ਪੈਸਾ
- ਸੋਸ਼ਲ ਸਿਕਿਓਰਿਟੀ, ਵਰਕਰਾਂ ਦਾ ਮੁਆਵਜ਼ਾ, ਸਾਬਕਾ ਫ਼ੌਜੀਆਂ ਦੇ ਮਾਮਲੇ ਜਾਂ ਭਾਰਤ ਦੇ ਮਾਮਲਿਆਂ ਬਾਰੇ ਬਿਉਰੋ
- ਸਵੈ-ਰੋਜ਼ਗਾਰ ਦੇ ਬਹੀ-ਖਾਤੇ ਦੇ ਰਿਕਾੱਰਡ
- ਤੁਹਾਨੂੰ ਅਤੇ ਤੁਹਾਡੀ ਸਥਿਤੀ ਬਾਰੇ ਜਾਣਨ ਵਾਲੇ ਕੇਸਵਰਕਰ, ਭਾਈਚਾਰਕ ਸਿਹਤ ਵਰਕਰ, ਸਿਹਤ-ਸੰਭਾਲ ਪ੍ਰੋਵਾਈਡਰ ਜਾਂ ਭਾਈਚਾਰਕ ਏਜੰਸੀ ਤੋਂ ਸਟੇਟਮੈਂਟ

ਜੇ ਤੁਹਾਡੇ ਕੋਲ ਉਪਰ ਦਿੱਤੇ ਗਏ ਦਸਤਾਵੇਜ਼ਾਂ ਵਿੱਚੋਂ ਕੋਈ ਵੀ ਨਹੀਂ ਹੈ, ਤਾਂ ਅਸੀਂ ਵੱਖ-ਵੱਖ ਦਸਤਾਵੇਜ਼ ਪ੍ਰਵਾਣ ਕਰਨ ਲਈ ਤੁਹਾਡੇ ਨਾਲ ਕੰਮ ਕਰ ਸਕਦੇ ਹਾਂ।

ਜੇ ਤੁਸੀਂ ਆਪਣੀ ਆਮਦਨ ਸਿੱਧ ਨਹੀਂ ਕਰ ਸਕਦੇ ਜਾਂ ਤੁਹਾਡੀ ਕੋਈ ਆਮਦਨ ਨਹੀਂ ਹੈ, ਤਾਂ ਤੁਸੀਂ ਇਹ ਦੱਸਦਿਆਂ ਸਟੇਟਮੈਂਟ ਲਿਖ ਸਕਦੇ ਹੋ ਕਿ। ਤੁਹਾਡੀ ਵਿੱਚ ਦੱਸਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਭੋਜਨ, ਰਿਹਾਇਸ਼ ਅਤੇ ਆਵਾਜਾਈ ਵਰਗੇ ਰੋਜ਼ ਦੇ ਖਰਚਿਆਂ ਦਾ ਭੁਗਤਾਨ ਕਿਵੇਂ ਕਰਦੇ ਹੋ।

---

### ਤੁਹਾਡੇ ਬੈਂਕ ਅਤੇ ਪੂੰਜੀਕਾਰੀ ਖਾਤਿਆਂ (ਅਸਾਸਿਆਂ) ਵਿੱਚ ਤੁਹਾਡਾ ਕਿੰਨਾ ਕੁਝ ਹੈ

ਅਸੀਂ ਤੁਹਾਨੂੰ ਅਜਿਹੇ ਦਸਤਾਵੇਜ਼ ਲਿਆਉਣ ਲਈ ਕਹਾਂਗੇ, ਜੋ ਇਹ ਸਿੱਧ ਕਰਨ ਕਿ ਤੁਹਾਡੇ ਬੈਂਕ ਅਤੇ ਪੂੰਜੀਕਾਰੀ ਦੇ ਖਾਤਿਆਂ ਵਿੱਚ ਕਿੰਨਾ ਪੈਸਾ ਹੈ। ਪੂੰਜੀਕਾਰੀ ਦੇ ਖਾਤਿਆਂ ਵਿੱਚ ਸਟਾੱਕ ਅਤੇ ਬੌਂਡ ਜਾਂ ਮਿਉਚੁਅਲ ਫ਼ੰਡ ਵਰਗੀਆਂ ਚੀਜ਼ਾਂ ਹੋ ਸਕਦੀਆਂ ਹਨ।

UNM Care ਜਾਂ Out-of-County Care ਲਈ ਯੋਗ ਹੋਣ ਵਾਸਤੇ, ਤੁਹਾਡੇ ਬੈਂਕ ਖਾਤਿਆਂ (ਚੈਕਿੰਗ ਅਤੇ ਬਚਤ) ਅਤੇ ਪੂੰਜੀਕਾਰੀ ਦੇ ਖਾਤਿਆਂ ਵਿੱਚ ਕੁੱਲ $20,000 ਤੋਂ ਵੱਧ ਨਹੀਂ ਹੋਣੇ ਚਾਹੀਦੇ।

ਅਸੀਂ ਤੁਹਾਨੂੰ ਤੁਹਾਡੇ ਮੈਡੀਕਲ ਬਿੱਲਾਂ ਦਾ ਭੁਗਤਾਨ ਕਰਨ ਲਈ ਤੁਹਾਡੇ ਰਿਟਾਇਰਮੈਂਟ ਫ਼ੰਡ, ਬੌਂਡ, ਡਿਪਾੱਜ਼ਿਟ-ਸਰਟੀਫ਼ਿਕੇਟ (certificates of deposits, CDs) ਨੂੰ ਨਗਦ ਰਕਮ ਵਿੱਚ ਬਦਲਣ ਲਈ ਨਹੀਂ ਕਹਾਂਗੇ। ਹਾਲਾਂਕਿ, ਜੇ ਤੁਸੀਂ ਉਹਨਾਂ ਨੂੰ ਸਾਲ ਦੌਰਾਨ ਪਹਿਲਾਂ ਹੀ ਨਗਦ ਰਕਮ ਵਿੱਚ ਬਦਲ ਚੁੱਕੇ ਹੋ ਜਾਂ ਜੇ ਫ਼ੰਡ ਸਾਲ ਦੌਰਾਨ ਉਹਨਾਂ ਦੀ ਮਿਆਦ ਪੂਰੀ ਹੋ ਗਈ ਹੈ (ਇਸਦਾ ਮਤਲਬ ਹੈ ਕਿ ਤੁਹਾਡੀ ਪੂੰਜੀਕਾਰੀ ਦਾ ਭੁਗਤਾਨ ਕਰਨ ਦੀ ਤਾਰੀਖ਼ ਆ ਗਈ ਹੈ), ਤਾਂ ਉਸ ਰਕਮ ਨੂੰ ਆਮਦਨ ਵਜੋਂ ਮੰਨਿਆ ਜਾਏਗਾ।

ਅਸੀਂ ਤੁਹਾਡੇ ਕਿਸੇ ਵੀ ਚੈਕਿੰਗ, ਬਚਤ ਅਤੇ ਪੂੰਜੀਕਾਰੀ ਦੇ ਖਾਤਿਆਂ ਲਈ ਸਭ ਤੋਂ ਹਾਲੀਆ ਖਾਤੇ ਦੀਆਂ ਸਟੇਟਮੈਂਟਾਂ ਪ੍ਰਵਾਣ ਕਰਾਂਗੇ (ਕਿਰਪਾ ਕਰਕੇ ਸਿਰਫ਼ ਕਾੱਪੀਆਂ)।

ਧਿਆਨ ਦਿਓ – ਤੁਹਾਡਾ ਘਰ, ਕਾਰ ਅਤੇ ਰਿਟਾਇਰਮੈਂਟ ਫ਼ੰਡ ਸ਼ਾਮਿਲ ਨਹੀਂ ਹੁੰਦੇ। ਤੁਹਾਨੂੰ ਉਹਨਾਂ ਲਈ ਕੋਈ ਦਸਤਾਵੇਜ਼ ਜਮ੍ਹਾ ਕਰਨ ਦੀ ਲੋੜ ਨਹੀਂ ਹੈ।

---

## ਅਸੀਂ ਤੁਹਾਡੇ ਤੋਂ ਕੁਝ ਹੋਰ ਸੁਆਲ ਪੁੱਛ ਸਕਦੇ ਹਾਂ

ਉਦਾਹਰਣ ਲਈ, ਜੇ ਕਿਸੇ ਹਾਦਸੇ ਕਰਕੇ ਤੁਹਾਨੂੰ ਡਾੱਕਟਰੀ ਦੇਖਭਾਲ ਦੀ ਲੋੜ ਹੈ, ਤਾਂ ਅਸੀਂ ਹੋਰ ਜਾਣਕਾਰੀ ਦੇਣ ਲਈ ਕਹਾਂਗੇ। ਅਸੀਂ ਪੁੱਛ ਸਕਦੇ ਹਾਂ ਕਿ ਹਾਦਸਾ ਕਿਸ ਕਿਸਮ ਦਾ ਸੀ? ਕੀ ਇਹ ਵਰਕਰ ਦੇ ਮੁਆਵਜ਼ੇ ਦੇ ਘੇਰੇ ਹੇਠ ਹੈ? ਕੀ ਤੁਸੀਂ ਸਾਨੂੰ ਇਸ ਹਾਦਸੇ ਨਾਲ ਸਬੰਧਿਤ ਕੋਈ ਦਸਤਾਵੇਜ਼ ਵਿਖਾ ਸਕਦੇ ਹੋ? ਕੀ ਤੁਸੀਂ ਵਕੀਲ ਨਾਲ ਸੰਪਰਕ ਕੀਤਾ ਹੈ?

## ਅਖ਼ੀਰ ਵਿੱਚ, ਅਸੀਂ ਤੁਹਾਡੇ ਤੋਂ ਇਹ ਦੋ ਸੁਆਲ ਪੁੱਛਾਂਗੇ

1) ਕੀ ਤੁਸੀਂ UNM Care ਜਾਂ Out-of-County Care ਲਈ ਆਪਣੀ ਅਰਜ਼ੀ ਦੇ ਅਮਲ ਦੌਰਾਨ UNM Hospital ਨੂੰ ਆਪਣੀ ਆਮਦਨ ਦੀਆਂ ਸਟੇਟਮੈਂਟਾਂ ਦੀ ਜਾਂਚ ਕਰਨ ਅਤੇ ਆਪਣੇ ਪਰਿਵਾਰ (ਜੋ ਤੁਹਾਡੇ ਨਾਲ ਰਹਿੰਦਾ ਹੈ) ਦੇ ਮੈਂਬਰਾਂ ਦੀ ਪੁਸ਼ਟੀ ਕਰਨ ਦੀ ਇਜਾਜ਼ਤ ਦਿੰਦੇ ਹੋ?
2) ਕੀ ਤੁਸੀਂ ਪੁਸ਼ਟੀ ਕਰ ਸਕਦੇ ਹੋ ਕਿ ਅਰਜ਼ੀ ਦੇ ਅਮਲ ਦੌਰਾਨ ਤੁਹਾਡੇ ਵਲੋਂ ਮੁਹੱਈਆ ਕਰਾਈ ਗਈ ਜਾਣਕਾਰੀ ਸਹੀ ਅਤੇ ਠੀਕ ਹੈ?

ਅਸੀਂ ਹਰ ਇੱਕ ਸੁਆਲ ਉੱਚੀ ਅਵਾਜ਼ ਵਿੱਚ ਪੁੱਛਾਂਗੇ ਅਤੇ ਅਸੀਂ ਤੁਹਾਨੂੰ ਵੀ ਕਹਾਂਗੇ ਕਿ ਆਪਣੇ ਜਵਾਬ ਉੱਚੀ ਅਵਾਜ਼ ਵਿੱਚ ਦਿਓ।